# ਸਿਟੀ ਆਫ ਐਬਟਸਫੋਰਡ ਅੱਪਡੇਟ
# ਟੈਕਸ ਨਿਊਜ਼ਲੈਟਰ 2026

## ਸੁਨੇਹਾ
### ਐਬਟਸਫੋਰਡ ਸਿਟੀ ਕੌਂਸਲ ਵੱਲ

ਜਿਵੇਂ ਕਿ ਐਬਟਸਫੋਰਡ ਸਿਟੀ ਕੌਂਸਲ ਆਪਣੀ 2022-2026 ਦੀ ਮਿਆਦ ਦੇ ਅੰਤ ਦੇ ਨੇੜੇ ਪੁਜ ਰਹੀ ਹੈ, ਮੈਂ ਉਸ ਸਾਰੇ ਕੁਝ ਉੱਪਰ ਚਾਨਣਾ ਪਾਉਣ 'ਚ ਖੁਸ਼ੀ ਮਹਿਸੂਸ ਕਰਦਾ ਹਾਂ, ਜੋ ਅਸੀਂ ਬੀਤੇ ਸਾਲ 'ਚ ਸੰਪੰਨ ਕੀਤਾ। 2025 'ਚ ਅਸੀਂ 2022-2026 ਦੀ ਆਪਣੀ ਰਣਨੀਤਕ ਯੋਜਨਾਂ 'ਤੇ ਪ੍ਰਗਤੀ ਕਰਨੀ ਜਾਰੀ ਰੱਖਦਿਆਂ ਹੋਇਆਂ ਆਪਣੀ ਕਈ ਸਾਰੀਆਂ ਤਰਜੀਹਾਂ ਨੂੰ ਅਗਾਂਹ ਵਧਾਇਆ ਜਾਂ ਮੁਕੰਮਲ ਕੀਤਾ। ਸਾਡੀ 30ਵੀਂ ਵਰ੍ਹੇਗੰਢ ਦਾ ਸਾਲ ਜ਼ਸ਼ਨਾਂ ਅਤੇ ਮੁੜ-ਸਥਾਪਨ ਦਾ ਸਾਲ ਸੀ, ਜਿਸ 'ਚ ਅਸੀਂ ਵੇਖਿਆ ਕਿ ਸਾਰੀ ਕਮਿਊਨਿਟੀ ਖੁਸ਼ੀ 'ਚ ਇਕੱਠੀ ਹੋਈ, ਜਦੋਂ ਐਬਟਸਫੋਰਡ ਕਨਕਸ ਨੇ ਆਪਣੀ ਪਹਿਲੀ ਚੈਂਪੀਅਨਸ਼ਿੱਪ ਜਿੱਤੀ, ਅਤੇ ਜਦੋਂ ਦਸੰਬਰ ਦੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਏਕਤਾ ਦਰਸਾਉਂਦਿਆਂ ਇਕਜੁੱਟ ਹੋਈ।

2025 ਦੀਆਂ ਸਾਡੀਆਂ ਸਭ ਤੋਂ ਵੱਡੀਆਂ ਨਤੀਜਾਗਤ ਪ੍ਰਗਤੀਆਂ ਵਿਚੋਂ ਇਕ ਸੀ ਸਾਡੀ ਆਫੀਸ਼ੀਅਲ ਕਮਿਊਨਿਟੀ ਪਲੈਨ ਅੱਪਡੇਟ, ਐਬਟਸਫੋਰਡ 2025। ਇਹ ਪ੍ਰਾਜੈਕਟ ਦੋ ਸਾਲਾਂ ਤੋਂ ਬਣ ਰਿਹਾ ਸੀ ਅਤੇ ਇਹ ਇਕ ਖਰੜਾ ਪ੍ਰਦਾਨ ਕਰਦਾ ਹੈ ਕਿ ਅਗਲੇ 25 ਸਾਲਾਂ ਦੌਰਾਨ ਸਾਡੀ ਕਮਿਊਨਿਟੀ ਕਿਵੇਂ ਵਧੇ ਫੁੱਲੇਗੀ।

ਰਿਹਾਇਸ਼ ਅਤੇ ਬੇਘਰੀ ਨਾਲ ਨਾਲ ਨਜਿੱਠਣਾ ਸਾਡੀਆਂ ਮੁੱਖ ਤਰਜੀਹਾਂ 'ਚੋਂ ਇਕ ਹੋਣਾ ਜਾਰੀ ਰਹਿੰਦਾ ਹੈ। ਪਿਛਲੇ ਸਾਲ, ਕੌਂਸਲ ਨੇ 1,451 ਨਵੇਂ ਯੂਨਿਟਾਂ ਲਈ ਡਿਵੈਲਪਮੈਂਟ ਦੀਆਂ ਅਰਜ਼ੀਆਂ ਮਨਜ਼ੂਰ ਕੀਤੀਆਂ ਅਤੇ ਹੋਰ 1,728 ਨੂੰ ਪ੍ਰਮਿੱਟ ਦਿੱਤੇ ਗਏ।

ਅਸੀਂ ਹੋਮਲੈੱਸ ਰਿਸਪਾਂਸ ਲੀਡਰਸ਼ਿੱਪ ਟੇਬਲ ਬਾਰੇ ਬੀ ਸੀ ਹਾਊਸਿੰਗ ਨਾਲ ਭਾਈਵਾਲੀ ਕਰਦਿਆਂ ਆਪਣੇ ਬੇਘਰੀ ਦੀ ਸਮੱਸਿਆ ਦੇ ਹੱਲ ਨੂੰ ਮਜ਼ਬੂਤ ਕੀਤਾ ਅਤੇ ਅਸੀਂ ਆਪਣੀ ਫੈਡਰਲ ਰੀਚਿੰਗ ਹੋਮ ਫੰਡਿੰਗ ਨੂੰ ਮੁੜ-ਨਵਿਆਇਆ ਹੈ।

ਜਦੋਂ ਅਸੀਂ ਏਕੀਕਰਨ ਤੋਂ ਲੈ ਕੇ ਹੁਣ ਤੱਕ ਪਿੱਛੇ ਵੇਖਦੇ ਹਾਂ, ਅਸੀਂ ਕਿੰਨੇ ਅਗਾਂਹ ਆ ਗਏ ਹਾਂ, ਆਉ ਆਪਾਂ ਅਗਾਂਹ ਨੂੰ ਵੇਖੀਏ ਅਤੇ ਐਬਟਸਫੋਰਡ ਨੂੰ ਇਕ ਜੀਵੰਤ ਮੁਕੰਮਲ ਕਮਿਊਨਿਟੀ ਬਣਾਉਣ ਦੀ ਆਪਣੀ ਪ੍ਰਤਿਬਧਤਾ ਦੀ ਮੁੜ-ਪੁਸ਼ਟੀ ਕਰੀਏ, ਜਿੱਥੇ ਹਰ ਇਕ ਦਾ ਸਵਾਗਤ ਹੈ ਅਤੇ ਹਰ ਕੋਈ ਖੁਸ਼ਹਾਲ ਹੋ ਸਕਦਾ ਹੈ।

Ross Siemens
Mayor



### ਕਮਿਊਨਿਟੀ 'ਚ ਤੁਹਾਡੀ ਕੌਂਸਲ

ਸਿਟੀ ਕੌਂਸਲ ਦੀਆਂ ਗਤੀਵਿਧੀਆਂ ਬਾਰੇ ਜਾਣਕਾਰ ਰਹਿਣ ਲਈ ਵੇਖੋ:
**abbotsford.ca/councilinthecommunity**

## ਬੱਜਟ ਦੀਆਂ ਮੁੱਖ ਵਿਸ਼ੇਸ਼ਤਾਈਆਂ

**ਸਿਟੀ ਦਾ 2026 ਦਾ ਬੱਜਟ ਮੁੱਖ ਮਿਊਂਸਿਪਲ ਸੇਵਾਵਾਂ ਨੂੰ ਚਿਰ-ਸਥਾਈ ਬਣਾਈ ਰੱਖਣ ਅਤੇ ਮਿਥੇ ਗਏ ਸੇਵਾ ਵਾਧੇ ਪ੍ਰਦਾਨ ਕਰਨ 'ਤੇ ਧਿਆਨ ਕੇਂਦਰਿਤ ਕਰਦਾ ਹੈ, ਜੋ ਕੌਂਸਲ ਦੀਆਂ ਰਣਨੀਤਕ ਤਰਜੀਹਾਂ ਨਾਲ ਮੇਲ ਖਾਂਦੇ ਹਨ।**

### ਬੱਜਟ ਦੀਆਂ ਮੁੱਖ ਵਿਸ਼ੇਸ਼ਤਾਈਆਂ ਚੱਲ ਰਹੇ ਕੁਝ ਮੁੱਖ ਪ੍ਰਾਜੈਕਟ



#### ਫਾਇਰ ਹਾਲ ਨੰਬਰ 6 ਦਾ ਵਿਸਥਾਪਨ

ਇਤਿਹਾਸਕ ਡਾਊਨਟਾਊਨ ਵਿਚਲੇ ਪੁਰਾਣੇ ਫਾਇਰ ਹਾਲ ਦਾ ਵਿਸਥਾਪਨ ਅਜੋਕੀਆਂ ਐਮਰਜੈਂਸੀ ਸੇਵਾਵਾਂ ਵਾਸਤੇ ਆਧੁਨਿਕ ਸਹੂਲਤਾਂ ਨਾਲ ਸੁਰੱਖਿਆ, ਨਿਪੁੰਨਤਾ ਅਤੇ ਰਿਸਪਾਂਸ ਦੇ ਸਮਿਆਂ 'ਚ ਸੁਧਾਰ ਲਿਆਵੇਗਾ। ਇਹ ਫਾਇਰਫਾਈਟਰਾਂ ਲਈ ਸਹਾਇਕ ਹੋਵੇਗਾ ਅਤੇ ਇਹ ਵਧ ਫੁਲ ਰਹੀ ਕਮਿਊਨਿਟੀ ਲਈ ਭਰੋਸੇਯੋਗ ਸੇਵਾ ਨੂੰ ਯਕੀਨੀ ਬਣਾਵੇਗਾ।



#### ਮਿੱਲ ਲੇਕ ਪਾਰਕ ਲੂਪ 'ਚ ਸੁਧਾਰ

ਮਿੱਲ ਲੇਕ ਪਾਰਕ 'ਚ ਤੁਰਨ ਵਾਲੇ ਰਸਤਿਆਂ 'ਚ ਸੁਧਾਰ, ਹਰ ਉਮਰ ਅਤੇ ਸਰੀਰਕ ਯੋਗਤਾਵਾਂ ਵਾਲਿਆਂ ਲਈ ਕਾਰਜਸ਼ੀਲ ਰਹਿਣ ਅਤੇ ਬਾਹਰ ਦਾ ਅਨੰਦ ਮਾਣਨ ਨੂੰ ਵਧੇਰੇ ਸੁਖਾਲਾ ਅਤੇ ਸੁਰੱਖਿਅਤ ਬਣਾਵੇਗਾ। ਤੁਰਨ ਵਾਲੇ ਰਸਤਿਆਂ ਬਾਰੇ ਰੌਸ਼ਨੀ ਪ੍ਰਬੰਧਾਂ 'ਚ ਕੀਤੇ ਜਾਣ ਵਾਲੇ ਵਾਧੇ ਪਹੁੰਚਯੋਗਤਾ 'ਚ ਸੁਧਾਰ ਲਿਆਉਂਦੇ ਅਤੇ ਕਮਿਊਨਿਟੀ ਵਾਸਤੇ ਚੰਗੇਰਾ ਅਨੁਭਵ ਸਿਰਜਦੇ ਹਨ।



#### ਪਾਰਕਾਂ ਦੀ ਬੁਨਿਆਦੀ ਸੰਰਚਨਾ ਨੂੰ ਚੰਗੇਰੀ ਬਣਾਉਣਾ

**ਕਰਾਸਲੇ ਪਾਰਕ, ਗਿੱਲਮੌਰ ਪਾਰਕ, ਵੈਸਟਰਿੱਜ ਪਾਰਕ ਅਤੇ ਹੋਰ**

ਪਾਰਕਾਂ ਵਿਚਲੀਆਂ ਸਹੂਲਤਾਂ 'ਚ ਸੁਧਾਰ ਲਿਆਉਣ ਦੇ ਨਾਲ ਸਵਾਗਤੀ ਸਥਾਨਾਂ 'ਚ ਵਾਧਾ ਹੁੰਦਾ ਹੈ, ਜੋ ਲੋਕਾਂ ਨੂੰ ਇਕੱਠਿਆਂ ਹੋਣ, ਚੁਸਤ ਰਹਿਣ ਅਤੇ ਸਬੰਧ ਬਣਾਉਣ ਨੂੰ ਉਤਸ਼ਾਹਤ ਕਰਦਾ ਹੈ। ਸਹੂਲਤਾਂ 'ਚ ਵਾਧੇ, ਜਿਵੇਂ ਸੀਟਾਂ, ਲਾਈਟਾਂ, ਵਾਸ਼ਰੂਮਾਂ ਅਤੇ ਖੇਡਣ ਦੇ ਏਰੀਏ ਸੁਰੱਖਿਆ, ਪਹੁੰਚਯੋਗਤਾ ਅਤੇ ਜੀਵਨ ਪੱਧਰ 'ਚ ਸੁਧਾਰ ਲਿਆਉਂਦੇ ਹਨ।



#### ਮੌਂਟਵਿਊ/ਵੈਸਟ ਰੇਲਵੇ ਪਲਾਜ਼ਾ

ਇਤਿਹਾਸਕ ਡਾਊਨਟਾਊਨ 'ਚ ਇਹ ਵਾਧਾ ਆਰਾਮ ਕਰਨ, ਹੋਰਨਾਂ ਨਾਲ ਗੱਲਬਾਤਾਂ ਕਰਨ ਅਤੇ ਕਮਿਊਨਿਟੀ ਪ੍ਰੋਗਰਾਮਾਂ ਵਾਸਤੇ ਇਕੱਠੇ ਹੋਣ ਦਾ ਇਕ ਜੀਵੰਤ ਸਥਾਨ ਪੈਦਾ ਕਰਦਾ ਹੈ। ਇਹ ਸਥਾਨਕ ਗਤੀਵਿਧੀਆਂ, ਸੱਭਿਆਚਾਰ ਅਤੇ ਸਾਲ-ਭਰ ਦੀ ਵਰਤੋਂ ਲਈ ਇਕ ਪਬਲਿਕ ਸਥਾਨ ਨੂੰ ਉਤਸ਼ਾਹ ਦਿੰਦਾ ਹੈ।




#### ਹਾਈਸਟ੍ਰੀਟ ਟ੍ਰਾਂਜ਼ਿਟ ਐਕਸਚੇਂਜ

ਨਵਾਂ ਹਾਈਸਟ੍ਰੀਟ ਟ੍ਰਾਂਜ਼ਿਟ ਐਕਸਚੇਂਜ ਕੁਨੈਕਸ਼ਨਾਂ, ਟ੍ਰੈਵਲ ਸਮਿਆਂ ਅਤੇ ਭਰੋਸੇਯੋਗਤਾ 'ਚ ਸੁਧਾਰ ਲਿਆਉਣ ਦੁਆਰਾ ਸ਼ਹਿਰ 'ਚ ਆਉਣ ਜਾਣ ਨੂੰ ਵਧੇਰੇ ਸੁਖਾਲਾ ਬਣਾਵੇਗਾ। ਇਹ ਇਕ ਵਧੇਰੇ ਸੁਰੱਖਿਅਤ, ਵਧੇਰੇ ਪਹੁੰਚਯੋਗ ਕੇਂਦਰ ਸਿਰਜਦਾ ਹੈ, ਜੋ ਚਿਰ-ਸਥਾਈ ਪ੍ਰਕਾਰ ਦੀ ਟ੍ਰਾਂਸਪੋਰਟੇਸ਼ਨ ਨੂੰ ਸਮਰਥਨ ਦਿੰਦਾ ਹੈ।



#### ਸੜਕਾਂ ਅਤੇ ਬੁਨਿਆਦੀ ਸੰਰਚਨਾਂ 'ਚ ਸੁਧਾਰ

ਸੜਕਾਂ ਅਤੇ ਸਾਈਡਵਾਕਾਂ 'ਚ ਪੂੰਜੀ-ਨਿਵੇਸ਼ ਸੁਰੱਖਿਆ ਅਤੇ ਤੁਰਨ-ਫਿਰਨ 'ਚ ਸੁਧਾਰ ਲਿਆਉਂਦਾ ਹੈ, ਜਦੋਂ ਕਿ ਨਾਲ ਹੀ ਮਹਿੰਗੀਆਂ ਐਮਰਜੈਂਸੀ ਮੁਰੰਮਤਾਂ ਨੂੰ ਘਟਾਉਂਦਾ ਹੈ। ਰੋਕਥਾਮੀ ਪ੍ਰਕਾਰ ਦੇ ਸੁਧਾਰ ਸੰਪਤੀਆਂ ਦਾ ਬਚਾਉ ਕਰਦੇ, ਮਹਿੰਗੀਆਂ ਮਰੰਮਤਾਂ ਨੂੰ ਘਟਾਉਂਦੇ ਅਤੇ ਬੁਨਿਆਦੀ ਸੰਰਚਨਾਂ ਦੇ ਲੰਮੀ ਮਿਆਦ ਦੇ ਖਰਚਿਆਂ ਨੂੰ ਸਥਿਰ ਕਰਦੇ ਹਨ। ਪ੍ਰਾਜੈਕਟਾਂ 'ਚ ਸ਼ਾਮਲ ਹਨ ਮਾਊਂਟ ਲੀਹਮਨ ਅਤੇ ਡਾਊਨਸ ਰੋਡ ਇੰਟਰਸੈਕਸ਼ਨਾਂ ਅਤੇ ਵੱਖ ਵੱਖ ਕਰਾਸਵਾਕਾਂ ਅਤੇ ਸਾਈਡਵਾਕਾਂ 'ਚ ਸੁਧਾਰ ਲਿਆਉਣਾ।

**ਸਾਡੇ ਚੱਲ ਰਹੇ ਮੌਜੂਦਾ ਪ੍ਰਾਜੈਕਟਾਂ ਦੀ ਪੂਰੀ ਸੂਚੀ abbotsford.ca/projects 'ਤੇ ਵੇਖੋ**

**ਸਵਾਲ ਹਨ? ਸਿਟੀ ਸੇਵਾਵਾਂ, ਪ੍ਰੋਗਰਾਮਾਂ ਜਾਂ ਆਪਣੀ ਪ੍ਰਾਪਰਟੀ ਬਾਰੇ ਸਾਡੇ ਨਾਲ ਸੰਪਰਕ ਕਰੋ, ਅਤੇ ਸਿਟੀ ਨੂੰ ਸੋਸ਼ਲ ਮੀਡੀਆ 'ਤੇ ਫਾਲੋ ਕਰੋ।**

**ਐਬਟਸਫੋਰਡ! ਆਉ ਗੱਲਬਾਤ ਕਰੀਏ।**
ਕਮਿਊਨਿਟੀ ਪ੍ਰਾਜੈਕਟਾਂ ਅਤੇ ਯੋਜਨਾਵਾਂ ਬਾਰੇ ਆਪਣੀ ਰਾਇ ਸਾਂਝੀ ਕਰੋ।
ਫੀਡਬੈਕ ਦਿਉ • ਸਰਵੇਖਣ ਭਰੋ • ਅੱਪ ਟੂ ਡੇਟ ਰਹੋ
**letstalkabbotsford.ca**
LET'S TALK abbotsford

## ਸਾਡੇ ਨਾ ਜੁੜੋ


604-853-2281
32315 South Fraser Way,
Abbotsford BC V2T 1W7

**FACEBOOK** /CityofAbbotsford | /AbbotsfordPRC
**INSTAGRAM** @TheCityOfAbbotsford | @AbbotsfordPRC
**X** @City_Abbotsford | @yxxairport
**LINKEDIN** @cityofabbotsford
**YOUTUBE** /cityofabbotsfordbc
**WEB** abbotsford.ca | abbotsfordairport.ca

abbotsford.ca/report-issue
SERVICE REQUESTS: @ABBOTSFORDAPP

**abbotsford.ca**


ABBOTSFORD
THE HUB OF THE FRASER VALLEY

# ਪ੍ਰਾਪਰਟੀ ਟੈਕਸ ਦੇਣ ਲਈ ਵਿਕਲਪ

**ਸਾਰੇ ਪ੍ਰਾਪਰਟੀ ਟੈਕਸ ਵੀਰਵਾਰ, 2 ਜੁਲਾਈ 2026 ਨੂੰ ਦੇਣਯੋਗ ਹਨ**

**ਨੋਟ: ਟੈਕਸ ਦੰਡ ਲੱਗਦੇ ਹਨ:**
**ਪਹਿਲੇ 5% ਦੰਡ ਦੀ ਤਰੀਕ: 3 ਜੁਲਾਈ 2026**
**ਦੂਜੇ 5% ਦੰਡ ਦੀ ਤਰੀਕ: 16 ਸਤੰਬਰ 2026**

## ਕਿਵੇਂ ਅਦਾ ਕਰਨਾਂ ਹੈ

### ਆਨਲਾਈਨ

ਆਪਣੇ ਆਨਲਾਈਨ ਬੈਂਕਿੰਗ ਸਿਸਟਮ ਰਾਹੀਂ ਐਬਟਸਫੋਰਡ ਪ੍ਰਾਪਰਟੀ ਟੈਕਸ ਨੂੰ ਬਿੱਲ ਪੇਅਈ ਵਜੋਂ ਸੈਟਅੱਪ ਕਰੋ ਅਤੇ ਉਸੇ ਤਰ੍ਹਾਂ ਅਦਾ ਕਰੋ ਜਿਵੇਂ ਤੁਸੀਂ ਹੋਰ ਕੋਈ ਬਿੱਲ ਦਿੰਦੇ ਹੋ। "ਐਬਟਸਫੋਰਡ" ਲਈ ਸਰਚ ਕਰੋ ਅਤੇ ਪੇਅਈ ਵਜੋਂ "ਪ੍ਰਾਪਰਟੀ ਟੈਕਸ" ਦੀ ਚੋਣ ਕਰੋ। ਆਪਣੇ ਟੈਕਸ ਨੋਟਿਸ ਤੋਂ 10 ਹਿੰਦਸਿਆਂ ਵਾਲੇ ਫੋਲਿਓ ਨੰਬਰ ਨੂੰ ਆਪਣੇ ਅਕਾਊਂਟ ਨੰਬਰ ਵਜੋਂ ਵਰਤੋਂ

### ਚੈੱਕ

ਪੇਮੈਂਟ ਜ਼ਰੂਰੀ ਤੌਰ 'ਤੇ **2 ਜੁਲਾਈ 2026** ਨੂੰ ਜਾਂ ਉਸ ਤੋਂ ਪਹਿਲਾਂ ਸਿਟੀ ਹਾਲ 'ਚ ਪ੍ਰਾਪਤ ਹੋਣੀ ਚਾਹੀਦੀ ਹੈ। ਦਿੱਤੀ ਗਈ ਤਰੀਕ ਤੋਂ ਮਗਰੋਂ ਪ੍ਰਾਪਤ ਹੁੰਦੀਆਂ ਪੇਮੈਂਟਾਂ 'ਤੇ ਦੰਡ ਲੱਗਣਗੇ।

ਕਿਰਪਾ ਕਰਕੇ ਚੈੱਕ **ਸਿਟੀ ਆਫ ਐਬਟਸਫੋਰਡ** ਦੇ ਨਾਂ 'ਤੇ ਲਿਖੋ। ਦਿੱਤੀ ਗਈ ਤਰੀਕ ਲਈ ਪੋਸਟ-ਡੇਟ ਕੀਤੇ ਚੈੱਕ ਮਨਜ਼ੂਰ ਕੀਤੇ ਜਾਂਦੇ ਹਨ।

### ਕਰੈਡਿਟ ਕਾਰਡ

ਕਰੈਡਿਟ ਕਾਰਡ ਕੇਵਲ ਆਨਲਾਈਨ ਟੈਕਸ ਅਤੇ ਯੂਟਿਲਿਟੀ ਪੇਮੈਂਟਾਂ ਲਈ ਮਨਜ਼ੂਰ ਕੀਤੇ ਜਾਂਦੇ ਹਨ ਅਤੇ ਇਹ ਸਿਟੀ ਹਾਲ 'ਚ ਖੁਦ ਹਾਜ਼ਰ ਹੋ ਕੇ ਪੇਮੈਂਟ ਦੇਣ ਲਈ ਮਨਜ਼ੂਰ ਨਹੀਂ ਕੀਤੇ ਜਾਂਦੇ। ਆਨਲਾਈਨ ਅਦਾਇਗੀ ਕਰਨ ਲਈ **abbotsford.ca/creditcard** ਵੇਖੋ। 1.75% ਸਰਵਿਸ ਫੀਸ ਲੱਗੇਗੀ।

### ਟੈਕਸ ਪ੍ਰੀਪੇਮੈਂਟ ਪਲੈਨ

**ਅਗਲੇ ਸਾਲ ਦੇ ਪ੍ਰਾਪਰਟੀ ਟੈਕਸ ਪ੍ਰੀਆਥੋਰਾਈਜ਼ਡ ਵਿਦਡਰਾਲਜ਼ (ਪੈਸੇ ਚੁੱਕਣ ਲਈ ਪੂਰਵ ਮਨਜ਼ੂਰੀ) ਸਹਿਤ ਦੇਣ ਨਾਲ ਬਚਤ ਕਰੋ। ਆਪਣੇ ਬਿੱਲ ਨੂੰ 10 ਮਾਸਿਕ ਪੇਮੈਂਟਾਂ 'ਚ ਵੰਡ ਦਿਉ।**

**ਵੇਖ: Visit abbotsford.ca/taxprepayment**

## ਅਦਾਇਗੀ ਕਿੱਥੇ ਕਰਨੀ ਹੈ

### ਆਨਲਾਈਨ ਅਦਾਇਗੀ ਕਰੋ

ਨਿਵਾਸੀ ਸੌਖਿਆਂ ਹੀ ਕਿਸੇ ਵਿੱਤੀ ਸੰਸਥਾ ਦੇ ਵੈੱਬਸਾਈਟ ਰਾਹੀਂ ਆਪਣਾ ਪ੍ਰਾਪਰਟੀ ਟੈਕਸ ਕਿਸੇ ਵੀ ਸਮੇਂ ਆਨਲਾਈਨ ਅਦਾ ਕਰ ਸਕਦੇ ਹਨ।

### ਸਿਟੀ ਹਾਲ 'ਚ ਖੁਦ ਆ ਕੇ ਪਾਉ ਜਾਂ ਮੇਲ ਕਰੋ

ਟੈਕਸਾਂ ਲਈ ਚੈੱਕ ਮੇਲ ਕੀਤੇ ਜਾ ਸਕਦੇ ਜਾਂ ਸਿਟੀ ਹਾਲ ਦੇ ਡਰਾਪ ਬਾਕਸ 'ਚ ਪਾਏ ਜਾ ਸਕਦੇ ਹਨ। 2 ਡਰਾਪ ਬਾਕਸ ਹਨ, ਹਰੇਕ ਪ੍ਰਵੇਸ਼-ਦੁਆਰ 'ਤੇ ਇਕ। **ਕਿਰਪਾ ਕਰਕੇ ਨਕਦੀ ਨਾ ਪਾਉ।** ਇਹ ਬਕਸੇ ਹਰ ਰੋਜ਼ ਖਾਲੀ ਕੀਤੇ ਜਾਂਦੇ ਹਨ।

### ਸਿਟੀ ਹਾਲ 'ਚ ਖੁਦ ਆ ਕੇ

**32315 South Fraser Way**

ਸਿਟੀ ਹਾਲ ਦਾ ਸਮਾਂ:
**ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:30 ਵਜੇ ਤੋਂ ਸ਼ਾਮ 4:30 ਵਜੇ ਤੱਕ**
ਸਿਟੀ ਹਾਲ ਅਦਾਇਗੀ ਦੇ ਅੱਗੇ ਦਿੱਤੇ ਤਰੀਕੇ ਮਨਜ਼ੂਰ ਕਰਦਾ ਹੈ: ਨਕਦ, ਡੈਬਿਟ ਕਾਰਡ ਅਤੇ ਚੈੱਕ।

**ਸਿਟੀ ਹਾਲ 1 ਜੁਲਾਈ 2026 ਨੂੰ ਬੰਦ ਹੈ।**

### ਆਪਣੀ ਵਿੱਤੀ ਸੰਸਥਾ 'ਚੋ

ਪ੍ਰਾਪਰਟੀ ਟੈਕਸਾਂ ਦੀ ਅਦਾਇਗੀ ਕੈਨੇਡਾ ਦੀ ਕਿਸੇ ਵੀ ਵਿੱਤੀ ਸੰਸਥਾ 'ਚ ਕੀਤੀ ਜਾ ਸਕਦੀ ਹੈ। ਕਿਰਪਾ ਕਰਕੇ ਯਕੀਨੀ ਬਣਾਉ ਕਿ ਤੁਹਾਡੀ ਪੇਮੈਂਟ ਨਿਯਤ ਤਰੀਕ ਤੱਕ ਪਹੁੰਚ ਜਾਵੇ।

## ਗਰਾਂਟਾਂ, ਅੱਗੇ ਪਾਉਣਾ ਅਤੇ ਨਵੇਂ ਮਾਲਕ

### ਨਵੇਂ ਮਾਲਕ

ਨਵੇਂ ਪ੍ਰਾਪਰਟੀ ਮਾਲਕ ਆਪਣੇ ਸਲਾਨਾਂ ਪ੍ਰਾਪਰਟੀ ਟੈਕਸਾਂ ਦੀ ਅਦਾਇਗੀ ਦੰਡ ਤੋਂ ਬਚਣ ਲਈ ਮਿਥੀ ਤਰੀਕ ਤੋਂ ਜ਼ਰੂਰ ਪਹਿਲਾਂ ਕਰਨ, ਭਾਵੇਂ ਉਨ੍ਹਾਂ ਨੂੰ ਪ੍ਰਾਪਰਟੀ ਟੈਕਸ ਨੋਟਿਸ ਪ੍ਰਾਪਤ ਨਹੀਂ ਵੀ ਹੋਇਆ। ਜੇਕਰ ਤੁਹਾਨੂੰ ਤੁਹਾਡਾ ਟੈਕਸ ਨੋਟਿਸ ਜੂਨ ਦੇ ਦੂਸਰੇ ਹਫਤੇ ਤੱਕ ਪ੍ਰਾਪਤ ਨਹੀਂ ਹੋਇਆ, ਤਾਂ 604-864-5522 'ਤੇ ਪ੍ਰਾਪਰਟੀ ਟੈਕਸ ਡਿਵੀਜ਼ਨ ਨਾਲ ਸੰਪਰਕ ਕਰੋ।

### ਹੋਮ ਓਨਰ ਗਰਾਂਟ

ਹੋਮ ਓਨਰ ਗਰਾਂਟਾਂ ਵਾਸਤੇ ਪ੍ਰੋਵਿੰਸ ਆਫ ਬੀ ਸੀ ਰਾਹੀਂ ਸਿੱਧਿਆਂ ਅਰਜ਼ੀ ਦਿਉ। **ਸਿਟੀ ਆਫ ਐਬਟਸਫੋਰਡ ਤੁਹਾਡੀ ਹੋਮ ਓਨਰ ਗਰਾਂਟ ਨੂੰ ਪ੍ਰਾਸੈੱਸ ਨਹੀਂ ਕਰ ਸਕਦਾ।**

**ਅਰਜ਼ੀ ਕਿਵੇਂ ਦੇਣੀ ਹੈ:**
gov.bc.ca/homeownergrant

1-888-355-2700

**ਗਰਾਂਟ ਬਾਰੇ ਨੋਟ:**
2026 'ਚ ਹੋਮ ਓਨਰ ਗਰਾਂਟ ਸਬੰਧੀ ਹੱਦ 2,075,000 ਡਾਲਰ ਹੈ। ਹੱਦ ਤੋਂ ਉੱਪਰ, ਆਂਕੀ ਗਈ ਕੀਮਤ ਦੇ ਹਰੇਕ 1,000 ਡਾਲਰ ਲਈ ਗਰਾਂਟ 5 ਡਾਲਰ ਘਟ ਜਾਂਦੀ ਹੈ। ਬੇਸਿਕ ਗਰਾਂਟ 2,189,000 ਡਾਲਰ 'ਤੇ ਖਤਮ ਹੋ ਜਾਂਦੀ ਹੈ। ਵਧੀਕ/ਸੀਨੀਅਰ ਗਰਾਂਟ 2,244,000 ਡਾਲਰ 'ਤੇ ਖਤਮ ਹੋ ਜਾਂਦੀ ਹੈ।

### ਟੈਕਸ ਅਗਾਂਹ ਪਾਉਣ ਦਾ ਪ੍ਰੋਗਰਾਮ

ਤੁਸੀਂ ਆਪਣੀ ਮੁੱਖ ਰਿਹਾਇਸ਼ ਦੇ ਟੈਕਸ ਅਗਾਂਹ ਪਾਉਣ ਲਈ ਯੋਗ ਹੋ ਸਕਦੇ ਹੋ, ਜੇਕਰ ਤੁਸੀਂ ਸੂਬਾਈ ਪ੍ਰੋਗਰਾਮ ਦੇ ਮਾਪਦੰਡ ਪੂਰੇ ਕਰਦੇ ਹੋਵੋ।

**ਕਿਰਪਾ ਕਰਕੇ ਨੋਟ ਕਰੋ:** ਪ੍ਰਾਪਰਟੀ ਟੈਕਸ ਅਗਾਂਹ ਪਾਉਣ ਦੇ ਪ੍ਰੋਗਰਾਮ ਲਈ ਵਿਆਜ਼ ਦਰ ਸ਼ਰਤਾਂ ਬਦਲ ਗਈਆਂ ਹਨ।

**ਕਿਰਪਾ ਕਰਕੇ ਨੋਟ ਕਰੋ:**
gov.bc.ca/propertytaxdeferment
1-888-355-2700
**ਤੁਸੀਂ ਆਪਣੇ ਟੈਕਸ ਸਿਟੀ ਆਫ ਐਬਟਸਫੋਰਡ ਰਾਹੀਂ ਅਗਾਂਹ ਨਹੀਂ ਪਾ ਸਕਦੇ।** ਤੁਸੀਂ ਇਹ ਪ੍ਰੋਵਿੰਸ ਆਫ ਬੀ ਸੀ ਰਾਹੀਂ, ਆਨਲਾਈਨ ਜਾਂ ਫੋਨ ਦੁਆਰਾ ਕਰੋ।

### ਟੈਕਸ ਬਿੱਲ ਬਾਰੇ ਸਵਾਲ ਹਨ?

**ਸਮਾਂ ਸੋਮਵਾਰ – ਸ਼ੁੱਕਰਵਾਰ ਸਵੇਰੇ 8:30 – ਸ਼ਾਮ 4:30**
**ਫੋਨ ਕਰੋ** 604-864-5522
**ਈਮੇਲ** cash@abbotsford.ca
**ਵੇਖ** abbotsford.ca/propertytaxes


ਇਹ ਖਬਰਨਾਮਾ ਪੰਜਾਬੀ ਦੇ ਵਿਚ ਪੜ੍ਹਨ ਲਈ, ਵਿਜ਼ਿਟ ਕਰੋ **abbotsford.ca.**

## ਟੈਕਸ ਕਿਵੇਂ ਸੇਵਾਵਾਂ 'ਚ ਸਹਾਇਤਾ ਕਰਦੇ ਹਨ

ਇਹ ਗਰਾਫ ਵਿਖਾਉਂਦਾ ਹੈ ਕਿ ਕਿਵੇਂ ਸ਼ਹਿਰ ਭਰ 'ਚ ਮਿਉਂਸਿਪਲ ਟੈਕਸ ਅਤੇ ਫੀਸਾਂ ਸੇਵਾਵਾਂ ਅਤੇ ਸਹੂਲਤਾਂ 'ਚ ਸਹਾਇਤਾ ਕਰਦੇ ਹਨ।

ਆਮ ਇੱਕ-ਪਰਿਵਾਰੀ ਰਿਹਾਇਸ਼ੀ ਘਰ ਜਿਸਦੀ 2025 ਦੀ ਪ੍ਰਾਪਰਟੀ ਅਸੈੱਸਮੈਂਟ 1,153,000 ਡਾਲਰ ਹੈ, ਵਾਸਤੇ 2026 ਦੇ ਬੱਜਟ 'ਚ ਦੱਸੇ ਮਿਉਂਸਿਪਲ ਟੈਕਸਾਂ 'ਤੇ ਆਧਾਰਿਤ।

**ਕੁੱਲ: 4,283 ਡਾਲਰ ਇਸ ਸਾਲ ਦਾ ਟੈਕਸ ਵਾਧਾ 4.44%**
**ਜਮਾਂ 0.50%ਇੰਫ੍ਰਾਸਟ੍ਰੱਕਚਰ ਲੈਵੀ (ਕੁੱਲ 4.94%)**




### ਤੁਹਾਡਾ ਡਾਲਰ ਕਿੱਥੇ ਜਾਂਦਾ ਹੈ

ਸਿਟੀ ਆਫ ਐਬਟਸਫੋਰਡ ਪ੍ਰੋਵਿੰਸ ਆਫ ਬੀ ਸੀ ਅਤੇ ਹੋਰ ਅਥਾਰਿਟੀਆਂ, ਜਿੰਨ੍ਹਾਂ 'ਚ ਸਕੂਲ ਡਿਸਟ੍ਰਿਕਟ, ਬੀ ਸੀ ਅਸੈੱਸਮੈਂਟ, ਮਿਉਂਸਿਪਲ ਫਾਇਨੈਂਸ ਅਥਾਰਿਟੀ, ਫਰੇਜ਼ਰ ਵੈਲੀ ਰਿਜਨਲ ਡਿਸਟ੍ਰਿਕਟ ਅਤੇ ਹੌਸਪੀਟਲ ਡਿਸਟ੍ਰਿਕਟ ਸ਼ਾਮਲ ਹਨ, ਵਾਸਤੇ ਪ੍ਰਾਪਰਟੀ ਟੈਕਸ ਇਕੱਠੇ ਕਰਦਾ ਹੈ। ਹਰੇਕ ਡਾਲਰ 'ਚੋਂ 35 ਸੈਂਟ ਹੋਰ ਅਥਾਰਿਟੀਆਂ ਨੂੰ ਚਲੇ ਜਾਂਦੇ ਹਨ ਅਤੇ 65 ਸੈਂਟ ਸਿਟੀ ਸੇਵਾਵਾਂ ਵਾਸਤੇ ਵਰਤੇ ਜਾਂਦੇ ਹਨ।




*ਇਹ ਫੀਸਾਂ ਦੁਮਾਹੀ ਅਤੇ ਤਿਮਾਹੀ ਯੁਟਿਲਿਟੀ ਬਿੱਲਾਂ ਰਾਹੀਂ ਲਈਆਂ ਜਾਂਦੀਆਂ ਹਨ ਅਤੇ ਇਹ 2025 'ਚ ਇਕ ਮੱਧ ਦਰਜੇ ਦੇ ਇੱਕ- ਪਰਿਵਾਰੀ ਘਰ ਦੁਆਰਾ ਵਰਤੇ ਜਾਂਦੇ ਪਾਣੀ (207 $ਮ^3$) 'ਤੇ ਆਧਾਰਿਤ ਹਨ।